# ਦੱਖਣੀ ਆਸਟ੍ਰੇਲੀਆ ਵਿੱਚ ਬਰਾਬਰ ਮੌਕਿਆਂ ਸਬੰਧੀ ਕਾਨੂੰਨ।

Government of South Australia

Equal Opportunity SA

*ਦੱਖਣੀ ਆਸਟ੍ਰੇਲੀਆ ਦੇ ਬਰਾਬਰ ਮੌਕਿਆਂ ਸਬੰਧੀ ਕਾਨੂੰਨ ਤੁਹਾਨੂੰ ਵਿਤਕਰੇ, ਜਿਨਸੀ ਛੇੜ-ਛਾੜ ਅਤੇ ਸ਼ੋਸ਼ਣ ਤੋਂ ਬਚਾਉਂਦੇ ਹਨ।*

*ਇਹ ਗਾਈਡ ਤੁਹਾਡੇ ਅਧਿਕਾਰਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਵਰਤੋਂ ਕਰਨ ਦੇ ਤਰੀਕਿਆਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰੇਗੀ।*

## ਵਿਤਕਰਾ ਕੀ ਹੁੰਦਾ ਹੈ?

ਵਿਤਕਰੇ ਦਾ ਮਤਲਬ ਹੈ ਹੇਠਾਂ ਦਿੱਤੇ ਕਾਰਨਾਂ ਕਰਕੇ ਕਿਸੇ ਨਾਲ ਨਜਾਇਜ਼ ਵਿਵਹਾਰ ਕਰਨਾ:

- ਉਮਰ।
- ਅਪਾਹਜਤਾ।
- ਘਰੇਲੂ ਜਾਂ ਪਰਿਵਾਰਕ ਦੁਰਵਿਹਾਰ ਦਾ ਕੋਈ ਅਨੁਭਵ।
- ਗਰਭ ਅਵਸਥਾ, ਦੇਖਭਾਲ ਅਤੇ ਪਰਿਵਾਰਕ ਜ਼ਿੰਮੇਵਾਰੀਆਂ।
- ਨਸਲ।
- ਧਾਰਮਿਕ ਰੰਗ ਰੂਪ ਜਾਂ ਪਹਿਰਾਵਾ।
- ਕੀ ਕੋਈ ਰਿਸ਼ਤੇ ਵਿੱਚ ਹੈ ਜਾਂ ਨਹੀਂ, ਜਾਂ ਸਾਥੀ ਦੀ ਪਛਾਣ।
- ਲਿੰਗ, ਅੰਤਰਲਿੰਗ ਸਥਿਤੀ ਅਤੇ ਲੈਂਗਿਕ ਪਛਾਣ।
- ਜਿਨਸੀ ਰੁਝਾਨ।

ਵਿਤਕਰਾ ਪ੍ਰਤੱਖ ਹੋ ਸਕਦਾ ਹੈ, ਜਿਵੇਂ ਕਿ ਸੇਵਾ ਪ੍ਰਦਾਨ ਕਰਨ ਤੋਂ ਇਨਕਾਰ ਕਰਨਾ, ਜਾਂ ਅਸਿੱਧਾ, ਜਿੱਥੇ ਕੋਈ ਵਿਅਕਤੀ ਬਾਕੀ ਲੋਕਾਂ ਜਿਵੇਂ ਹੀ, ਲੋੜਾਂ ਪੂਰੀਆਂ ਨਹੀਂ ਕਰ ਪਾਉਂਦਾ ਹੈ।

## ਜਿਨਸੀ ਛੇੜ-ਛਾੜ ਕੀ ਹੈ?

ਜਿਨਸੀ ਛੇੜ-ਛਾੜ ਜਿਨਸੀ ਸੁਭਾਅ ਦਾ ਕੀਤਾ ਗਿਆ ਕੋਈ ਵੀ ਕੰਮ ਹੈ, ਜਿੱਥੇ ਇਹ ਉਮੀਦ ਕਰਨਾ ਜਾਇਜ਼ ਹੈ ਕਿ ਕੋਈ ਵਿਅਕਤੀ ਨਰਾਜ਼ਗੀ, ਡਰ, ਜਾਂ ਅਪਮਾਨਿਤ ਹੋ ਜਾਵੇਗਾ।

ਜਿਨਸੀ ਛੇੜ-ਛਾੜ ਉਸ ਵਿਅਕਤੀ ਦੀ ਧਾਰਨਾ ਦੇ ਅਨੁਸਾਰ ਸਮਝਿਆ ਜਾਂਦਾ ਹੈ ਜਿਸ ਨਾਲ ਛੇੜ-ਛਾੜ ਕੀਤੀ ਜਾ ਰਹੀ ਹੈ। ਕਿਸੇ ਵਿਅਕਤੀ ਦਾ ਜਿਨਸੀ ਸ਼ੋਸ਼ਣ ਉਸੀ ਦੇ ਲਿੰਗ ਵਾਲੇ ਵਿਅਕਤੀ ਦੁਆਰਾ ਜਾਂ ਵੱਖਰੇ ਲਿੰਗ ਦੇ ਵਿਅਕਤੀ ਦੁਆਰਾ ਕੀਤਾ ਜਾ ਸਕਦਾ ਹੈ।

## ਅਤਿਆਚਾਰ ਕੀ ਹੈ?

ਅਤਿਆਚਾਰ ਦਾ ਮਤਲਬ ਹੈ ਕਿਸੇ ਨਾਲ ਨਜਾਇਜ਼ ਵਿਵਹਾਰ ਕਰਨਾ ਕਿਉਂਕਿ ਉਨ੍ਹਾਂ ਨੇ ਬਰਾਬਰ ਮੌਕਿਆਂ ਵਾਲੇ ਕਾਨੂੰਨਾਂ ਦੀ ਵਰਤੋਂ ਕੀਤੀ ਹੈ, ਜਿਵੇਂ ਕਿ Equal Opportunity SA (ਬਰਾਬਰ ਮੌਕੇ SA) ਨੂੰ ਕੀਤੀ ਗਈ ਸ਼ਿਕਾਇਤ।

## ਵਿਤਕਰਾ, ਜਿਨਸੀ ਛੇੜ-ਛਾੜ ਅਤੇ ਅਤਿਆਚਾਰ ਕਿੱਥੇ ਹੋ ਸਕਦਾ ਹੈ?

Equal Opportunity Act 1984 (SA) (ਬਰਾਬਰ ਮੌਕਿਆਂ ਸਬੰਧੀ ਕਾਨੂੰਨ 1984 (SA)) ਜਨਤਕ ਜੀਵਨ ਦੇ ਖੇਤਰਾਂ ਵਿੱਚ ਸੁਰੱਖਿਆ ਪ੍ਰਦਾਨ ਕਰਦਾ ਹੈ, ਜਿਵੇਂ ਕਿ:

- ਜਦੋਂ ਤੁਸੀਂ ਕੰਮ 'ਤੇ ਹੁੰਦੇ ਹੋ ਜਾਂ ਨੌਕਰੀ ਲਈ ਅਰਜ਼ੀ ਦੇ ਰਹੇ ਹੋ।
- ਵਸਤੂਆਂ ਅਤੇ ਸੇਵਾਵਾਂ ਦੀ ਪ੍ਰਾਪਤੀ ਦੇ ਸਮੇਂ।
- ਜਦੋਂ ਰਹਿਣ ਲਈ ਜਗ੍ਹਾ ਲੱਭ ਰਹੇ ਹੋ।
- ਸਿੱਖਿਆ ਦੇ ਸਥਾਨਾਂ ਵਿੱਚ।
- ਕਮਿਊਨਿਟੀ ਕਲੱਬਾਂ ਅਤੇ ਸੰਸਥਾਵਾਂ ਵਿੱਚ।

## ਤੁਹਾਡੇ ਕੀ ਹੱਕ ਹਨ?

ਜੇਕਰ ਤੁਸੀਂ ਵਿਤਕਰੇ, ਜਿਨਸੀ ਛੇੜ-ਛਾੜ ਜਾਂ ਅਤਿਆਚਾਰ ਦਾ ਸਾਮ੍ਹਣਾ ਕਰਦੇ ਹੋ, ਤਾਂ ਤੁਸੀਂ ਬਰਾਬਰ ਮੌਕੇ (SA) ਨੂੰ ਸ਼ਿਕਾਇਤ ਕਰ ਸਕਦੇ ਹੋ।

ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਅਤੇ ਸ਼ਿਕਾਇਤ ਕਿਵੇਂ ਕਰਨੀ ਹੈ ਇਸ ਬਾਰੇ ਜਾਣਕਾਰੀ ਹਾਸਲ ਕਰਨ ਲਈ ਸਾਡੇ ਨਾਲ ਸੰਪਰਕ ਕਰੋ ਜਾਂ ਬਰਾਬਰ ਮੌਕੇ (SA) ਦੀ ਵੈੱਬਸਾਈਟ 'ਤੇ ਜਾਓ।

ਸਾਰੇ ਸਵਾਲ ਅਤੇ ਸ਼ਿਕਾਇਤਾਂ ਨੂੰ ਗੁਪਤ ਰੱਖਿਆ ਜਾਂਦੀਆਂ ਹਨ। ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਸੇ ਨਾਲ ਸਾਂਝੀ ਨਹੀਂ ਕਰਾਂਗੇ, ਜਦੋਂ ਤੱਕ ਤੁਸੀਂ ਸਾਨੂੰ ਇਹ ਨਹੀਂ ਕਹਿੰਦੇ ਕਿ ਅਸੀਂ ਅਜਿਹਾ ਕਰ ਸਕਦੇ ਹਾਂ।

## 'ਈਕੁਅਲ ਆਪੁਰਚੁਨੀਟੀਜ਼ ਏਸ.ਏ' ਨਾਲ ਸੰਪਰਕ ਕਰੋ

ਫ਼ੋਨ: (08) 7322 7070
ਦੂਰ-ਦੁਰੇਡੇ ਦੇ ਖੇਤਰਾਂ ਤੋਂ ਫ਼ੋਨ ਕਰਨ ਵਾਲਿਆਂ ਲਈ: 1800 188 163

*ਜੇਕਰ ਅੰਗਰੇਜ਼ੀ ਤੁਹਾਡੀ ਤਰਜੀਹੀ ਭਾਸ਼ਾ ਨਹੀਂ ਹੈ, ਤਾਂ ਕਿਰਪਾ ਕਰਕੇ **ਦੁਭਾਸ਼ੀਆ ਅਤੇ ਅਨੁਵਾਦ ਕੇਂਦਰ ਨਾਲ 1800 280 203 'ਤੇ** ਸੰਪਰਕ ਕਰੋ ਅਤੇ ਕਹੋ ਕਿ ਤੁਸੀਂ 'ਈਕੁਅਲ ਆਪੁਰਚੁਨੀਟੀਜ਼ ਏਸ.ਏ' ਨਾਲ ਗੱਲ ਕਰਨਾ ਚਾਹੁੰਦੇ ਹੋ।*

ਈਮੇਲ: Equal@sa.gov.au
ਵੈੱਬਸਾਈਟ: www.equalopportunity.sa.gov.au

ਸੋਸ਼ਲ ਮੀਡੀਆ 'ਤੇ ਸਾਨੂੰ ਫ਼ਾਲੋ ਕਰੋ

WE'RE EQUAL

ਅਸੀਂ ਇੱਕ-ਬਰਾਬਰ ਹਾਂ